# ਅਡਲਟ ਸੋਸ਼ਲ ਕੇਅਰ ਡਾਇਰੈਕਟ ਪੇਮੈਂਟਾਂ



Coventry City Council

ONE COVENTRY

ਮਈ 2023 ਵਿੱਚ ਨਵੀਂ ਜਾਣਕਾਰੀ ਜੋੜੀ ਗਈ

# ਡਾਇਰੈਕਟ ਪੇਮੇਂਟ ਕੀ ਹੈ?

ਡਾਇਰੈਕਟ ਪੇਮੇਂਟ ਉਹ ਰਕਮ ਹੈ ਜੋ ਕੋਵੈਂਟਰੀ ਸਿਟੀ ਕਾਉਂਸਲ ਤੁਹਾਨੂੰ ਸਿੱਧਾ ਅਦਾ ਕਰੇਗੀ, ਤਾਂ ਜੋ ਕਾਉਂਸਲ ਵੱਲੋਂ ਤੁਹਾਡੇ ਲਈ ਦੇਖਭਾਲ ਦਾ ਪ੍ਰਬੰਧ ਕਰਨ ਦੀ ਬਜਾਏ, ਤੁਸੀਂ ਆਪਣੀ ਖੁਦ ਦੀ ਦੇਖਭਾਲ ਅਤੇ ਸਹਾਇਤਾ ਖਰੀਦ ਸਕੋ ਅਤੇ ਇਸਦਾ ਪ੍ਰਬੰਧ ਕਰ ਸਕੋ।

ਡਾਇਰੈਕਟ ਪੇਮੇਂਟਾਂ ਸਰਕਾਰ ਦੇ ਵਿਅਕਤੀਗਤ ਬਣਾਉਣ ਦੇ ਏਜੰਡੇ ਦਾ ਹਿੱਸਾ ਹਨ, ਜੋ ਤੁਹਾਨੂੰ ਉਸ ਸਹਾਇਤਾ ਦੇ ਕੇਂਦਰ ਵਿੱਚ ਰੱਖਦਾ ਹੈ ਜੋ ਤੁਹਾਨੂੰ ਮਿਲਦੀ ਹੈ, ਜਿੰਨਾ ਸੰਭਵ ਹੋ ਸਕੇ ਸੁਤੰਤਰ ਤੌਰ 'ਤੇ ਰਹਿਣ ਵਿੱਚ ਤੁਹਾਡੀ ਮਦਦ ਕਰਦਾ ਹੈ ਅਤੇ ਤੁਹਾਨੂੰ ਵਧੇਰੇ ਵਿਕਲਪ ਅਤੇ ਕੰਟਰੋਲ ਦਿੰਦਾ ਹੈ। ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਸਾਡੀ ਡਾਇਰੈਕਟ ਪੇਮੇਂਟ ਨੀਤੀ ਨੂੰ ਪੜ੍ਹੋ।

**www.coventry.gov.uk/downloads/file/13680/direct_payments_policy**

# ਡਾਇਰੈਕਟ ਪੇਮੇਂਟ ਕਿਸ ਨੂੰ ਮਿਲ ਸਕਦੀ ਹੈ?

ਤੁਹਾਡੇ ਦੁਆਰਾ ਸਮਾਜਿਕ ਦੇਖਭਾਲ ਦਾ ਮੁਲਾਂਕਣ ਕਰਵਾਉਣ, ਅਤੇ ਤੁਹਾਨੂੰ ਇਹ ਸਲਾਹ ਦਿੱਤੇ ਜਾਣ ਤੋਂ ਬਾਅਦ ਕਿ ਕੀ ਤੁਸੀਂ ਆਪਣੀਆਂ ਯੋਗ ਸਮਾਜਿਕ ਦੇਖਭਾਲ ਦੀਆਂ ਲੋੜਾਂ ਲਈ ਕਾਉਂਸਲ ਤੋਂ ਮਦਦ ਲੈ ਸਕਦੇ ਹੋ, ਤੁਹਾਨੂੰ ਉਸ ਰਕਮ ਬਾਰੇ ਦੱਸਿਆ ਜਾਵੇਗਾ ਜੋ ਤੁਹਾਨੂੰ ਤੁਹਾਡੀ ਮਦਦ ਕਰਨ ਲਈ ਮਿਲ ਸਕਦੀ ਹੈ। ਇਸ ਨੂੰ 'ਸੰਕੇਤਕ ਰਕਮ' ਕਿਹਾ ਜਾਂਦਾ ਹੈ।

ਜਦੋਂ ਤੁਸੀਂ ਅਤੇ ਕਾਉਂਸਲ ਤੁਹਾਡੀ ਮਦਦ ਕਰਨ ਦੇ ਸਭ ਤੋਂ ਵਧੀਆ ਤਰੀਕੇ ਲੱਭ ਲੈਂਦੇ ਹੋ, ਤਾਂ ਇਸ ਮਦਦ ਦੀ ਲਾਗਤ ਦੀ ਰਕਮ ਦਾ ਪਤਾ ਲਗਾਇਆ ਜਾਵੇਗਾ। ਕਾਉਂਸਲ ਨੂੰ ਸਹਿਮਤੀ ਦੇਣੀ ਪਵੇਗੀ ਕਿ ਕੀ ਇਹ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਅਤੇ ਅੰਤਮ ਰਕਮ ਜਿਸਦਾ ਕਾਉਂਸਲ ਤੁਹਾਡੀ ਸਹਾਇਤਾ ਕਰਨ ਲਈ ਯੋਗਦਾਨ ਪਾਏਗੀ। ਜਦੋਂ ਇਸ 'ਤੇ ਸਹਿਮਤੀ ਹੋ ਜਾਂਦੀ ਹੈ, ਤਾਂ ਇਸ ਨੂੰ ਨਿੱਜੀ ਬਜਟ ਕਿਹਾ ਜਾਂਦਾ ਹੈ।

ਕਾਉਂਸਲ ਤੁਹਾਨੂੰ ਪੁੱਛੇਗੀ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਨਿੱਜੀ ਬਜਟ ਦਾ ਭੁਗਤਾਨ ਤੁਹਾਨੂੰ, ਜਾਂ ਤੁਹਾਡੀ ਜਾਣ-ਪਛਾਣ ਦੇ ਕਿਸੇ ਵਿਅਕਤੀ ਨੂੰ ਜੋ ਕੀਤਾ ਜਾਵੇ ਜੋ ਤੁਹਾਡੀ ਮਦਦ ਕਰਨਾ ਚਾਹੁੰਦਾ ਹੈ। ਇਹ ਇਸ ਲਈ ਹੈ ਤਾਂ ਜੋ ਤੁਸੀਂ ਆਪਣੀ ਸਹਾਇਤਾ ਲਈ ਖੁਦ ਭੁਗਤਾਨ ਕਰ ਸਕੋ। ਇਸਦਾ ਮਤਲਬ ਹੈ ਕਿ ਤੁਸੀਂ ਇਹ ਚੁਣ ਸਕਦੇ ਹੋ ਕਿ ਤੁਹਾਡੀ ਜ਼ਿੰਦਗੀ ਦੇ ਅਨੁਕੂਲ ਸਮਿਆਂ 'ਤੇ ਅਤੇ ਅਜਿਹੇ ਤਰੀਕੇ ਨਾਲ ਜੋ ਤੁਸੀਂ ਸੋਚਦੇ ਹੋ ਕਿ ਸਭ ਤੋਂ ਵਧੀਆ ਹੈ, ਕੌਣ ਤੁਹਾਡੀ ਮਦਦ ਕਰਦਾ ਹੈ। ਜਦੋਂ ਤੁਹਾਡੇ ਨਿੱਜੀ ਬਜਟ ਦਾ ਤੁਹਾਨੂੰ ਭੁਗਤਾਨ ਕੀਤਾ ਜਾਂਦਾ ਹੈ ਤਾਂ ਇਸਨੂੰ ਡਾਇਰੈਕਟ ਪੇਮੇਂਟ ਕਿਹਾ ਜਾਂਦਾ ਹੈ।

ਤੁਸੀਂ ਆਪਣੀ ਕੁਝ ਸਹਾਇਤਾ ਦਾ ਪ੍ਰਬੰਧ ਕਰਨ ਲਈ, ਕੁਝ ਪੈਸੇ ਦਾ ਤੁਹਾਨੂੰ ਡਾਇਰੈਕਟ ਪੇਮੇਂਟ ਵਜੋਂ ਭੁਗਤਾਨ ਕਰਵਾ ਸਕਦੇ ਹੋ ਅਤੇ ਤੁਸੀਂ ਕਾਉਂਸਲ ਨੂੰ ਤੁਹਾਡੀ ਬਾਕੀ ਸਹਾਇਤਾ ਸਥਾਪਤ ਕਰਨ ਲਈ ਵੀ ਕਹਿ ਸਕਦੇ ਹੋ। ਇਸ ਨੂੰ 'ਮਿਕਸਡ ਪੈਕੇਜ' ਕਿਹਾ ਜਾਂਦਾ ਹੈ।

ਕਾਉਂਸਲ ਇਹ ਮੁਲਾਂਕਣ ਕਰੇਗੀ ਕਿ ਕੀ ਤੁਸੀਂ ਡਾਇਰੈਕਟ ਪੇਮੇਂਟ ਪ੍ਰਾਪਤ ਕਰਨ ਬਾਰੇ ਫੈਸਲਾ ਲੈ ਸਕਦੇ ਹੋ। ਉਦਾਹਰਨ ਲਈ, ਜੇ ਤੁਸੀਂ ਸਮਝਦੇ ਹੋ ਅਤੇ ਯਾਦ ਰੱਖ ਸਕਦੇ ਹੋ ਕਿ ਡਾਇਰੈਕਟ ਪੇਮੇਂਟ ਕੀ ਹੁੰਦੀ ਹੈ ਅਤੇ ਇਸ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ, ਅਤੇ ਜੇ ਤੁਸੀਂ ਸਮਝਦੇ ਹੋ/ਯਾਦ ਰੱਖ ਸਕਦੇ ਹੋ ਕਿ ਅਜਿਹੇ ਸਟਾਫ਼ ਨੂੰ ਕੰਮ 'ਤੇ ਰੱਖਣ ਵਿੱਚ ਕੀ ਸ਼ਾਮਲ ਹੈ ਜੋ ਤੁਹਾਡੀ ਸਹਾਇਤਾ ਕਰੇਗਾ।

ਜੇ ਤੁਸੀਂ ਇਹ ਫੈਸਲਾ ਖੁਦ ਨਹੀਂ ਲੈ ਸਕਦੇ ਹੋ, ਤਾਂ ਕਾਉਂਸਲ ਤੁਹਾਡੇ ਨਾਲ ਮਿਲ ਕੇ ਇਹ ਫੈਸਲਾ ਲੈਣ ਵਿੱਚ ਮਦਦ ਕਰਨ ਲਈ ਕਿਸੇ ਅਜਿਹੇ ਵਿਅਕਤੀ ਨੂੰ ਕਹਿ ਸਕਦੀ ਹੈ ਜੋ ਤੁਹਾਨੂੰ ਚੰਗੀ ਤਰ੍ਹਾਂ ਜਾਣਦਾ ਹੈ। ਇਹ ਪਰਿਵਾਰ ਜਾਂ ਦੋਸਤ ਹੋ ਸਕਦਾ ਹੈ।

ਕਾਉਂਸਲ ਨੂੰ ਇਹ ਵੀ ਮੁਲਾਂਕਣ ਕਰਨ ਦੀ ਲੋੜ ਹੋਵੇਗੀ ਕਿ ਕੀ ਤੁਸੀਂ ਆਪਣੇ ਤੌਰ 'ਤੇ ਡਾਇਰੈਕਟ ਪੇਮੇਂਟ ਦਾ ਪ੍ਰਬੰਧਨ ਕਰ ਸਕਦੇ ਹੋ, ਜਾਂ ਕੀ ਤੁਹਾਨੂੰ ਕਿਸੇ ਮਦਦ ਦੀ ਲੋੜ ਹੋ ਸਕਦੀ ਹੈ। ਡਾਇਰੈਕਟ ਪੇਮੇਂਟਾਂ ਦਾ ਪ੍ਰਬੰਧਨ ਕਰਨ ਦਾ ਇਹ ਮਤਲਬ ਹੋ ਸਕਦਾ ਹੈ ਕਿ ਤੁਸੀਂ ਦੇਖਭਾਲ ਕਰਨ ਵਾਲਿਆਂ ਦੇ ਰੁਜ਼ਗਾਰਦਾਤਾ ਬਣ ਜਾਂਦੇ ਹੋ, ਤੁਹਾਨੂੰ ਕਾਗਜ਼ੀ ਕਾਰਵਾਈ ਪੂਰੀ ਕਰਨੀ ਪਵੇਗੀ ਅਤੇ ਨਿਰਧਾਰਤ ਨਿਯਮਾਂ ਅਤੇ ਕਾਨੂੰਨ ਦੀ ਪਾਲਣਾ ਵੀ ਕਰਨੀ ਪਵੇਗੀ।

ਜੇ ਤੁਸੀਂ ਆਪਣੀ ਸਹਾਇਤਾ ਲਈ ਆਪਣਾ ਸਟਾਫ਼ ਨਿਯੁਕਤ ਕਰਨ ਦਾ ਫੈਸਲਾ ਕਰਦੇ ਹੋ, ਤਾਂ ਇਹਨਾਂ ਕਰਮਚਾਰੀਆਂ ਨੂੰ ਨਿੱਜੀ ਸਹਾਇਕ ਕਿਹਾ ਜਾਂਦਾ ਹੈ।

ਜੇ ਤੁਹਾਨੂੰ ਪ੍ਰਬੰਧਨ ਕਰਨ ਵਿੱਚ ਮਦਦ ਚਾਹੀਦੀ ਹੈ, ਤਾਂ ਤੁਸੀਂ ਕਿਸੇ ਨੂੰ ਤੁਹਾਡੇ ਲਈ ਇਸ ਦਾ ਪ੍ਰਬੰਧਨ ਕਰਨ ਲਈ ਕਹਿ ਸਕਦੇ ਹੋ ਅਤੇ/ਜਾਂ ਕਾਉਂਸਲ ਕਿਸੇ ਨੂੰ ਤੁਹਾਡੇ ਲਈ ਅਜਿਹਾ ਕਰਨ ਲਈ ਕਹਿ ਸਕਦੀ ਹੈ।

## ਮੈਨੂੰ ਆਪਣੀ ਡਾਇਰੈਕਟ ਪੇਮੇਂਟ ਨਾਲ ਕੀ ਸਹਾਇਤਾ ਮਿਲ ਸਕਦੀ ਹਾਂ ਅਤੇ ਇਹ ਮੇਰੀ ਜ਼ਿੰਦਗੀ ਨੂੰ ਕਿਵੇਂ ਬਿਹਤਰ ਬਣਾਏਗੀ?

ਪੇਂਡਰੇਲਜ਼ ਟਰੱਸਟ (Penderels Trust), ਅਜਿਹੀ ਸੰਸਥਾ ਹੈ ਜਿਸ ਨੂੰ ਲੋਕਾਂ ਦੀਆਂ ਡਾਇਰੈਕਟ ਪੇਮੇਂਟਾਂ ਦਾ ਪ੍ਰਬੰਧਨ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਕਾਉਂਸਲ ਦੁਆਰਾ ਭੁਗਤਾਨ ਕੀਤਾ ਜਾਂਦਾ ਹੈ। ਉਹਨਾਂ ਨਾਲ 024 7651 1611 ਜਾਂ **Coventry@penderelstrust.org.uk** 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਤੁਸੀਂ ਕੇਅਰ ਕੁਆਲਿਟੀ ਕਮਿਸ਼ਨ ਦੀ ਵੈੱਬਸਾਈਟ **https://cqc.org.uk/** 'ਤੇ ਜਾ ਕੇ ਕੋਈ ਏਜੰਸੀ ਲੱਭ ਸਕਦੇ ਹੋ।

ਜੇ ਤੁਹਾਨੂੰ ਕਿਸੇ ਹੋਰ ਨਿੱਜੀ ਸਹਾਇਕ ਜਾਂ ਦੇਖਭਾਲ ਪ੍ਰਦਾਤਾ ਨੂੰ ਲੱਭਣ ਲਈ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਪੇਂਡਰੇਲਜ਼ ਟਰੱਸਟ (Penderels Trust) ਨਾਲ 024 7651 1611 'ਤੇ ਵੀ ਸੰਪਰਕ ਕਰ ਸਕਦੇ ਹੋ ਜਾਂ ਉਹਨਾਂ ਦੀ ਵੈੱਬਸਾਈਟ: **https://www.penderelstrust.org.uk/** 'ਤੇ ਜਾ ਸਕਦੇ ਹੋ ਅਤੇ ਉਹਨਾਂ ਦੇ ਨਿੱਜੀ ਸਹਾਇਤਾ ਖੋਜਕਾਰ (PA finder) 'ਤੇ ਰਜਿਸਟਰ ਕਰ ਸਕਦੇ ਹੋ।

ਕਾਉਂਸਲ ਕਈ ਵਾਰ ਦੂਜੀਆਂ ਸੰਸਥਾਵਾਂ ਨੂੰ ਤੁਹਾਡੀ ਡਾਇਰੈਕਟ ਪੇਮੇਂਟ ਦਾ ਪ੍ਰਬੰਧਨ ਕਰਨ ਲਈ ਕਹਿ ਸਕਦੀ ਹੈ ਜੇ ਇਹ ਸਹਿਮਤੀ ਬਣਾਈ ਜਾਂਦੀ ਹੈ ਕਿ ਇਹ ਤੁਹਾਡੇ ਲਈ ਲੋੜੀਂਦੀ ਹੈ।

ਅਸਧਾਰਨ ਸਥਿਤੀਆਂ ਵਿੱਚ ਅਸੀਂ ਤੁਹਾਡੀ ਡਾਇਰੈਕਟ ਪੇਮੇਂਟ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਘਰ ਵਿੱਚ ਰਹਿੰਦੇ ਪਰਿਵਾਰਕ ਮੈਂਬਰਾਂ ਲਈ ਭੁਗਤਾਨ ਕਰ ਸਕਦੇ ਹਾਂ।

ਤੁਸੀਂ ਆਪਣੇ ਨਿਰਧਾਰਤ ਕਰਮਚਾਰੀ ਜਾਂ ਸੁਤੰਤਰ ਲਿਵਿੰਗ ਟੀਮ ਤੋਂ ਵੀ ਮਦਦ ਮੰਗ ਸਕਦੇ ਹੋ ਟੈਲੀਫੋਨ: 024 7527 0960.

## ਮੈਨੂੰ ਕਿੰਨੀ- ਦੇਰ ਬਾਅਦ ਡਾਇਰੈਕਟ ਪੇਮੇਂਟ ਮਿਲੇਗੀ ਅਤੇ ਮੈਂ ਇਸਨੂੰ ਕਿਵੇਂ ਖਰਚ ਕਰ ਸਕਦਾ/ਸਕਦੀ ਹਾਂ?

### ਮੈਨੂੰ ਕਿੰਨੀ- ਦੇਰ ਬਾਅਦ ਡਾਇਰੈਕਟ ਪੇਮੇਂਟ ਮਿਲੇਗੀ?

ਕੁਝ ਬਾਲਗਾਂ, ਦੇਖਭਾਲ ਕਰਨ ਵਾਲਿਆਂ, ਬੱਚਿਆਂ ਅਤੇ ਪਰਿਵਾਰਾਂ ਨੂੰ ਹਰ ਸਮੇਂ ਮਦਦ ਦੀ ਲੋੜ ਹੁੰਦੀ ਹੈ ਅਤੇ ਹਰ ਚਾਰ ਹਫ਼ਤਿਆਂ ਬਾਅਦ ਡਾਇਰੈਕਟ ਪੇਮੇਂਟ ਦਾ ਭੁਗਤਾਨ ਕੀਤਾ ਜਾਵੇਗਾ।

ਦੂਜੇ ਬਾਲਗਾਂ, ਦੇਖਭਾਲ ਕਰਨ ਵਾਲਿਆਂ, ਬੱਚਿਆਂ ਅਤੇ ਪਰਿਵਾਰਾਂ ਨੂੰ ਇੱਕ ਵਾਰ, ਜਾਂ ਥੋੜ੍ਹੇ ਸਮੇਂ ਲਈ ਮਦਦ ਦੀ ਲੋੜ ਹੁੰਦੀ ਹੈ, ਅਤੇ ਇਹ ਇੱਕ ਵਾਰ ਦੀ ਡਾਇਰੈਕਟ ਪੇਮੇਂਟ ਵਜੋਂ ਅਦਾ ਕੀਤੀ ਜਾ ਸਕਦੀ ਹੈ।

ਤੁਸੀਂ ਆਪਣੀ ਡਾਇਰੈਕਟ ਪੇਮੇਂਟ ਦੀ ਵਰਤੋਂ ਆਪਣੇ ਨਿੱਜੀ ਸਹਾਇਕਾਂ ਦੇ ਸਿਖਲਾਈ ਕੋਰਸਾਂ 'ਤੇ ਜਾਣ ਲਈ ਭੁਗਤਾਨ ਕਰਨ ਲਈ ਕਰ ਸਕਦੇ ਹੋ ਜਦੋਂ ਤੁਹਾਡੀ ਸਹਾਇਤਾ ਕਰਨ ਲਈ ਇਸਦੀ ਦੀ ਲੋੜ ਹੁੰਦੀ ਹੈ ਜਾਂ ਸਟਾਫ਼ ਨੂੰ ਕੰਮ 'ਤੇ ਰੱਖਣ ਦੇ ਕੁਝ ਖਰਚਿਆਂ ਦਾ ਭੁਗਤਾਨ ਕਰਨ ਲਈ ਕਰ ਸਕਦੇ ਹੋ।



### ਮੈਂ ਡਾਇਰੈਕਟ ਪੇਮੇਂਟ ਨੂੰ ਕਿਸ 'ਤੇ ਖਰਚ ਸਕਦਾ/ਸਕਦੀ ਹਾਂ?

ਸਹਾਇਤਾ, ਗਤੀਵਿਧੀਆਂ ਜਾਂ ਚੀਜ਼ਾਂ ਦੀ ਕੋਈ 'ਨਿਸ਼ਚਿਤ' ਸੂਚੀ ਨਹੀਂ ਹੈ ਜੋ ਤੁਸੀਂ ਆਪਣੇ ਡਾਇਰੈਕਟ ਪੇਮੇਂਟ ਨਾਲ ਖਰੀਦ ਸਕਦੇ ਹੋ।

ਤੁਹਾਨੂੰ ਆਪਣੀ ਡਾਇਰੈਕਟ ਪੇਮੇਂਟ ਦੀ ਵਰਤੋਂ ਆਪਣੀਆਂ ਯੋਗ ਦੇਖਭਾਲ ਅਤੇ ਸਹਾਇਤਾ ਲੋੜਾਂ ਨੂੰ ਪੂਰਾ ਕਰਨ ਲਈ ਕਰਨੀ ਪਵੇਗੀ ਜਿਸ ਬਾਰੇ ਕਾਉਂਸਲ ਨੂੰ ਤੁਹਾਡੇ ਮੁਲਾਂਕਣ ਤੋਂ ਪਤਾ ਲੱਗਾ ਹੈ ਅਤੇ ਜੋ ਤੁਹਾਡੀ ਦੇਖਭਾਲ ਅਤੇ ਸਹਾਇਤਾ ਯੋਜਨਾ ਵਿੱਚ ਦਰਜ ਕੀਤੀਆਂ ਗਈਆਂ ਹਨ।

ਜਦੋਂ ਤੱਕ ਡਾਇਰੈਕਟ ਪੇਮੇਂਟ ਦੀ ਵਰਤੋਂ ਯੋਗ ਦੇਖਭਾਲ ਅਤੇ ਸਹਾਇਤਾ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ, ਤੁਹਾਡੀਆਂ ਲੋੜਾਂ ਪੂਰੀਆਂ ਕਰਨ ਦਾ ਸਭ ਤੋਂ ਵਧੀਆ ਤਰੀਕਾ ਚੁਣਨਾ ਤੁਹਾਡੇ (ਜਾਂ ਜੇ ਤੁਸੀਂ ਇਹ ਫੈਸਲੇ ਨਹੀਂ ਕਰ ਸਕਦੇ ਹੋ ਤਾਂ ਤੁਹਾਡੀ ਤਰਫ਼ੋਂ ਇਸਦਾ ਪ੍ਰਬੰਧਨ ਕਰਨ ਵਾਲੇ ਵਿਅਕਤੀ) 'ਤੇ ਨਿਰਭਰ ਕਰਦਾ ਹੈ।

ਇਹ ਇਸ ਤਰ੍ਹਾਂ ਹੋ ਸਕਦਾ ਹੈ:

- ਨਿੱਜੀ ਸਹਾਇਕਾਂ ਜਾਂ ਕੇਅਰ ਏਜੰਸੀਆਂ ਲਈ ਕੰਮ ਕਰਨ ਵਾਲੇ ਸਟਾਫ਼ ਦੁਆਰਾ ਘਰ ਵਿੱਚ, ਜਾਂ ਬਾਹਰ ਅਤੇ ਆਲੇ-ਦੁਆਲੇ ਮਦਦ
- ਸਰਗਰਮੀਆਂ, ਦਿਲਚਸਪੀਆਂ ਅਤੇ ਚੀਜ਼ਾਂ
- ਛੋਟੇ ਬ੍ਰੇਕ/ਬਦਲਵੀਂ ਦੇਖਭਾਲ/ਰਾਹਤ
- ਉਪਕਰਨ ਅਤੇ ਅਨੁਕੂਲਤਾਵਾਂ (ਇਸ 'ਤੇ ਕਿਸੇ ਆਕਿਊਪੇਸ਼ਨਲ ਥੈਰੇਪਿਸਟ ਦੁਆਰਾ ਮੁਲਾਂਕਣ ਤੋਂ ਬਾਅਦ ਸਹਿਮਤੀ ਬਣਾਉਣ ਦੀ ਲੋੜ ਹੁੰਦੀ ਹੈ)।

ਤੁਹਾਨੂੰ ਕਾਉਂਸਲ ਨਾਲ ਆਪਣੀਆਂ ਯੋਜਨਾਵਾਂ 'ਤੇ ਚਰਚਾ ਕਰਨ ਅਤੇ ਸਹਿਮਤੀ ਬਣਾਉਣ ਦੀ ਲੋੜ ਹੋਵੇਗੀ।

## ਡਾਇਰੈਕਟ ਪੇਮੇਂਟ ਮੇਰੀ ਜ਼ਿੰਦਗੀ ਨੂੰ ਬਿਹਤਰ ਕਿਵੇਂ ਬਣਾ ਸਕਦੀ ਹੈ?

ਜਿਹੜੇ ਲੋਕ ਡਾਇਰੈਕਟ ਪੇਮੇਂਟ ਲੈਂਦੇ ਹਨ, ਉਹ ਇਹ ਚੁਣ ਸਕਦੇ ਹਨ ਕਿ ਕੌਣ, ਕਿਵੇਂ ਅਤੇ ਕਦੋਂ ਉਹਨਾਂ ਦਾ ਸਮਰਥਨ ਕਰਦਾ ਹੈ।

ਇਸਦਾ ਮਤਲਬ ਹੈ ਕਿ ਉਹ ਅਜਿਹੀ ਮਦਦ ਲੈ ਸਕਦੇ ਹਨ ਜੋ ਉਹਨਾਂ ਦੀ ਜ਼ਿੰਦਗੀ, ਉਹਨਾਂ ਦੇ ਪਰਿਵਾਰ ਅਤੇ ਜੋ ਉਹ ਕਰਨਾ ਪਸੰਦ ਕਰਦੇ ਹਨ ਜਾਂ ਜੋ ਉਹਨਾਂ ਨੂੰ ਕਰਨ ਦੀ ਲੋੜ ਹੈ, ਦੇ ਅਨੁਕੂਲ ਹੈ।

*"ਸਟਾਫ਼ ਨੂੰ ਕੰਮ 'ਤੇ ਰੱਖਣ ਲਈ ਡਾਇਰੈਕਟ ਪੇਮੇਂਟਾਂ ਦੀ ਵਰਤੋਂ ਕਰਨ ਨਾਲ ਮੈਨੂੰ ਆਤਮ-ਨਿਰਭਰ ਜ਼ਿੰਦਗੀ ਜਿਉਣ ਦੇ ਹੁਨਰ ਸਿੱਖਣ ਵਿੱਚ ਮਦਦ ਮਿਲੀ ਹੈ। ਮੈਂ ਖੁਦ ਲੋਕਾਂ ਨੂੰ ਕੰਮ 'ਤੇ ਰੱਖਿਆ ਹੈ ਅਤੇ ਉਹ ਆਪਣੇ ਦਮ 'ਤੇ ਜਿਉਣ ਵਿੱਚ ਮੇਰੀ ਮਦਦ ਕਰਦੇ ਹਨ।"*

*"ਡਾਇਰੈਕਟ ਪੇਮੇਂਟਾਂ ਦੀ ਵਰਤੋਂ ਕਰਦੇ ਹੋਏ ਆਪਣਾ ਖੁਦ ਦਾ ਸਟਾਫ਼ ਰੱਖਣ ਦਾ ਮਤਲਬ ਹੈ ਕਿ ਹੈਡੀ ਨੇ ਆਪਣਾ ਸਟਾਫ਼ ਚੁਣਿਆ ਹੈ ਅਤੇ ਮੇਰਾ ਇਸ 'ਤੇ ਸਿੱਧਾ ਕੰਟਰੋਲ ਹੈ ਕਿ ਉਹ ਮੇਰੀ ਧੀ ਨਾਲ ਕਿਵੇਂ ਕੰਮ ਕਰਦੇ ਹਨ, ਨਾ ਕਿ ਕਿਸੇ ਏਜੰਸੀ ਰਾਹੀਂ ਜਾਣਾ ਅਤੇ ਹਰ ਸਮੇਂ ਵੱਖ-ਵੱਖ ਸਟਾਫ਼ ਮਿਲਣਾ।"*

*"ਮੇਰੇ ਮਾਤਾ-ਪਿਤਾ ਲਈ ਜਿੰਨਾ ਸੰਭਵ ਹੋ ਸਕੇ ਆਪਣੀ ਸੁਤੰਤਰਤਾ ਬਣਾਈ ਰੱਖਣਾ ਮਹੱਤਵਪੂਰਨ ਸੀ ਅਤੇ ਸ਼ੁਰੂਆਤ ਵਿੱਚ ਉਹਨਾਂ ਲਈ ਮਦਦ ਅਤੇ ਸਮਰਥਨ ਸਵੀਕਾਰ ਕਰਨਾ ਇੱਕ ਵੱਡੀ ਗੱਲ ਸੀ, ਜਦੋਂ ਉਹਨਾਂ ਨੂੰ ਅਹਿਸਾਸ ਹੋਇਆ ਕਿ ਸਾਡਾ ਆਪਣਾ ਖਾਤਾ ਹੋਵੇਗਾ ਅਤੇ ਭੁਗਤਾਨਾਂ ਅਤੇ ਉਹਨਾਂ ਨੂੰ ਵੰਡਣ ਦੇ ਤਰੀਕੇ ਲਈ ਅਸੀਂ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵਾਂਗੇ, ਉਹ ਬਹੁਤ ਪ੍ਰਭਾਵਿਤ ਹੋਏ ਅਤੇ ਮੈਂ ਅਤੇ ਮੇਰੇ ਪਿਤਾ ਦੋਵਾਂ ਨੇ ਸਚਮੁਚ ਸਮਰੱਥ ਮਹਿਸੂਸ ਕੀਤਾ। ਡਾਇਰੈਕਟ ਪੇਮੇਂਟ ਸਕੀਮ ਨੇ ਸਾਨੂੰ ਸਾਰਿਆਂ ਨੂੰ ਇਹ ਮਹਿਸੂਸ ਕਰਨ ਦੇ ਯੋਗ ਬਣਾਇਆ ਕਿ ਸਾਡੇ ਕੋਲ ਇਸ ਬਾਰੇ ਕੁਝ ਰਾਏ ਅਤੇ ਕੰਟਰੋਲ ਹੈ ਕਿ ਸਾਡੀ ਮਾਂ ਦੇ ਦੇਖਭਾਲ ਪ੍ਰਦਾਤਾ ਕਿਵੇਂ ਕੰਮ ਕਰਦੇ ਹਨ। ਇਹ ਅਜਿਹੀ ਭਾਈਵਾਲੀ ਹੈ ਜੋ ਅਸਲ ਵਿੱਚ ਕੰਮ ਕਰਦੀ ਹੈ, ਜਾਣਕਾਰੀ ਅਤੇ ਸਿਖਲਾਈ ਤੱਕ ਪਹੁੰਚ ਦੇ ਨਾਲ ਸੂਚਿਤ ਚੋਣਾਂ ਕਰਨ ਵਿੱਚ ਸਾਡੀ ਲਗਾਤਾਰ ਮਦਦ ਕਰਦੀ ਹੈ। ਦੇਖਭਾਲ ਲਈ ਬਜਟ 'ਤੇ ਕੰਟਰੋਲ ਹੋਣ ਨਾਲ ਆਤਮ-ਵਿਸ਼ਵਾਸ ਅਤੇ ਭਰੋਸਾ ਵੱਧਦਾ ਹੈ ਅਤੇ ਸਾਨੂੰ ਉਹ ਸਾਰਾ ਵਿਸ਼ਵਾਸ ਮਿਲਦਾ ਹੈ ਜਿਸਦੀ ਸਾਨੂੰ ਸਭ ਨੂੰ ਲੋੜ ਹੁੰਦੀ ਹੈ।"*

*"ਡਾਇਰੈਕਟ ਪੇਮੇਂਟਾਂ ਦਾ ਮਤਲਬ ਹੈ ਕਿ ਮੈਂ ਮੇਰੀ ਧੀ ਨਾਲ ਖਾਸ ਹੁਨਰਾਂ 'ਤੇ ਕੰਮ ਕਰਨ ਲਈ ਸਟਾਫ਼ ਨੂੰ ਨਿਯੁਕਤ ਕਰ ਸਕਦੀ ਹਾਂ ਜਿਵੇਂ ਕਿ ਆਤਮ-ਨਿਰਭਰ ਜ਼ਿੰਦਗੀ ਜਿਉਣ ਦੇ ਹੁਨਰ, ਯਾਤਰਾ ਸਿਖਲਾਈ, ਖਾਣਾ ਪਕਾਉਣਾ, ਖਰੀਦਦਾਰੀ। ਇੱਕ ਵਾਰ ਇੱਕ ਹੁਨਰ ਸਿੱਖਣ ਤੋਂ ਬਾਅਦ ਸਟਾਫ਼ ਉਸਦੀ ਆਤਮ-ਨਿਰਭਰਤਾ ਦੇ ਇੱਕ ਨਵੇਂ ਖੇਤਰ ਵਿੱਚ ਜਾ ਸਕਦਾ ਹੈ। "*

*"ਅਸੀਂ ਇਸ ਬਾਰੇ ਵੱਖ-ਵੱਖ ਚੀਜ਼ਾਂ ਮਿਲਾ ਸਕਦੇ ਹਾਂ ਕਿ ਅਸੀਂ ਪੈਸੇ ਦੀ ਵਰਤੋਂ ਕਿਵੇਂ ਕਰਦੇ ਹਾਂ। ਇਸ ਨਾਲ ਲਚਕਤਾ ਮਿਲਦੀ ਹੈ, ਉਦਾਹਰਨ ਲਈ ਮੈਂ ਡਾਇਰੈਕਟ ਪੇਮੇਂਟ ਦੀ ਵਰਤੋਂ ਉਸ ਵੇਲੇ ਦੇਖਭਾਲ ਲਈ ਭੁਗਤਾਨ ਕਰਨ ਲਈ ਕੀਤੀ ਜਦੋਂ ਅਸੀਂ ਯੌਰਕ ਵਿੱਚ ਪਰਿਵਾਰ ਨੂੰ ਮਿਲਣ ਗਏ। ਅਸੀਂ ਪ੍ਰਬੰਧ ਨੂੰ ਆਸਾਨੀ ਨਾਲ ਬਦਲ ਸਕਦੇ ਹਾਂ। ਜਦੋਂ ਮੈਂ ਪਿਛਲੇ ਪ੍ਰਦਾਤਾ ਤੋਂ ਖੁਸ਼ ਨਹੀਂ ਸੀ ਤਾਂ ਮੈਂ ਨੌਕਰਸ਼ਾਹੀ ਦੇ ਵੱਡੇ ਮੁੱਦਿਆਂ ਦੇ ਬਿਨਾਂ ਏਜੰਸੀਆਂ ਬਦਲ ਦਿੱਤੀਆਂ। ਇਹ ਸਾਨੂੰ ਚੋਣਾਂ ਕਰਨ ਲਈ ਇੱਕ ਪਰਿਵਾਰ ਵਜੋਂ ਖੁਦਮੁਖਤਿਆਰੀ ਅਤੇ ਆਜ਼ਾਦੀ ਦਿੰਦਾ ਹੈ, ਉਦਾਹਰਨ ਲਈ ਦੇਖਭਾਲ ਕਰਨ ਵਾਲਿਆਂ, ਸਮੇਂ, ਰਾਹਤ ਦੀ ਵਰਤੋਂ ਬਾਰੇ।"*

## ਕੀ ਇਸ ਨਾਲ ਮੇਰੇ ਬੈਨਿਫਿਟਾਂ ਜਾਂ ਨੌਕਰੀ ਤੋਂ ਕਮਾਏ ਜਾਣ ਵਾਲੇ ਪੈਸੇ 'ਤੇ ਅਸਰ ਪਵੇਗਾ?

ਡਾਇਰੈਕਟ ਪੇਮੇਂਟ ਬੈਨਿਫਿਟ ਨਹੀਂ ਹੈ। ਇਸਦਾ ਮਤਲਬ ਹੈ ਕਿ ਇਸ ਨਾਲ ਤੁਹਾਨੂੰ ਮਿਲਣ ਵਾਲੇ ਕਿਸੇ ਵੀ ਬੈਨਿਫਿਟ ਜਾਂ ਪੈਨਸ਼ਨ 'ਤੇ ਅਸਰ ਨਹੀਂ ਪਵੇਗਾ।

ਹਰ ਕੋਈ ਜਿਸਨੂੰ ਕਾਉਂਸਲ ਤੋਂ ਆਪਣੀਆਂ ਲੋੜਾਂ ਲਈ ਲਗਾਤਾਰ ਮਦਦ ਮਿਲਦੀ ਹੈ, ਉਹਨਾਂ ਦਾ ਇਹ ਪਤਾ ਲਗਾਉਣ ਲਈ ਇੱਕ ਹੋਰ ਮੁਲਾਂਕਣ ਹੋਵੇਗਾ ਕਿ ਉਹਨਾਂ ਨੂੰ ਕਾਉਂਸਲ ਤੋਂ ਮਿਲਣ ਵਾਲੀ ਦੇਖਭਾਲ ਅਤੇ ਸਹਾਇਤਾ ਲਈ ਕਿੰਨਾ ਭੁਗਤਾਨ ਕਰਨਾ ਪਵੇਗਾ। ਇਸ ਨੂੰ 'ਵਿੱਤੀ ਮੁਲਾਂਕਣ' ਕਿਹਾ ਜਾਂਦਾ ਹੈ।

ਅਸੀਂ ਤੁਹਾਨੂੰ ਦੱਸਾਂਗੇ ਕਿ ਡਾਇਰੈਕਟ ਪੇਮੇਂਟ ਸਥਾਪਤ ਹੋਣ 'ਤੇ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪਵੇਗਾ।

## ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

ਆਪਣੀ ਮੌਜੂਦਾ ਸੋਸ਼ਲ ਕੇਅਰ ਟੀਮ ਜਾਂ ਉਸ ਨਿਯਤ ਕਰਮਚਾਰੀ ਨੂੰ ਫੋਨ ਕਰੋ ਜੋ ਤੁਹਾਡਾ ਸਮਰਥਨ ਕਰ ਰਿਹਾ ਹੈ।

ਇੰਡੀਪੈਨਡੰਟ ਲਿਵਿੰਗ ਟੀਮ ਨੂੰ 024 7683 3362 ਜਾਂ 024 7683 3410 'ਤੇ ਫੋਨ ਕਰੋ।

ਜੇ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਕਿਹੜੀ ਟੀਮ ਨਾਲ ਸੰਪਰਕ ਕਰਨਾ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ: ਅਡਲਟ ਸੋਸ਼ਲ ਕੇਅਰ ਡਾਇਰੈਕਟ ਦੀ ਈਮੇਲ: **ASCdirect@coventry.gov.uk** ਫੋਨ: 024 7683 3003



## ਅਡਲਟ ਸੋਸ਼ਲ ਕੇਅਰ ਡਾਇਰੈਕਟ ਨਾਲ ਸੰਪਰਕ ਕਰੋ

024 7683 3003 'ਤੇ ਕਾਲ ਕਰੋ

ਜਾਂ **ascdirect@coventry.gov.uk** 'ਤੇ ਈਮੇਲ ਕਰੋ

ਜਾਂ **www.coventry.gov.uk/health-social-care** 'ਤੇ ਜਾਓ

ਬੋਲਣ ਦੀ ਕਮਜ਼ੋਰੀ ਹੈ, ਸੁਣ ਨਹੀਂ ਸਕਦੇ ਹੋ ਜਾਂ ਸੁਣਨ ਵਿੱਚ ਮੁਸ਼ਕਲ ਹੁੰਦੀ ਹੈ? ਤੁਸੀਂ ਨੈਕਸਟ ਜਨਰੇਸ਼ਨ ਟੈਕਸਟ (ਜਿਸ ਨੂੰ ਟੈਕਸਟ ਰੀਲੇਅ ਅਤੇ ਟਾਈਪਟਾਕ ਵੀ ਕਿਹਾ ਜਾਂਦਾ ਹੈ) ਦੀ ਵਰਤੋਂ ਕਰਦੇ ਹੋਏ ਕਾਲ ਕਰ ਸਕਦੇ ਹੋ: 18001 024 7683 3003

ਜੇ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ **ascdirect@coventry.gov.uk** 'ਤੇ ਈਮੇਲ ਕਰੋ

Jeśli potrzebujesz zawartych informacji w innym języku lub formacie, prosimy o wiadomość e-mail na adres ascdirect@coventry.gov.uk

**ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ**

ascdirect@coventry.gov.uk **'ਤੇ ਈਮੇਲ ਕਰੋ**

اگر آپ کو یہ معلومات کسی دوسری زبان یا فارمیٹ میں درکار ہوں تو برائے مہربانی ascdirect@coventry.gov.uk پر ای میل کریں۔

إذا اردت الحصول على هذه المعلومات بلغة أو تنسيق آخر، يرجى إرسال بريد إلكتروني إلى: ascdirect@coventry.gov.uk

Dacă aveți nevoie de aceste informații într-o altă limbă sau format, vă rugăm trimiteți email la: ascdirect@coventry.gov.uk

እዚ ሓበሬታ ብኻልእ ቋንቋ ወይ ቅርጺ እንተደሊኹም ብኢመይል ክትጽሕፉ ትኽእሉ ኢኹም፡ናብ፣
ascdirect@coventry.gov.uk